Edit 27.qxd 11/27/2025 8:21 PM Page 1

ਅਜੀਤ

ਵਿਚਾਰ-ਪ੍ਰਵਾਹ

ਉੱਚੀਆਂ ਪ੍ਰਾਪਤੀਆਂ ਦਾ ਰਸਤਾ ਕਠਿਨ ਹੈ, ਅਸੰਭਵ ਨਹੀਂ। **—ਐਲਵਰਟਸ**

ਸੰਵਿਧਾਨ ਦੀ ਭਾਵਨਾ

ਬੁੱਧਵਾਰ ਨੂੰ ਪੁਰਾਣੀ ਸੰਸਦ ਦੀ ਇਮਾਰਤ ਦੇ ਕੇਂਦਰੀ ਹਾਲ ਵਿਚ ਦੇਸ਼ ਭਰ ਤੋਂ ਚੁਣੇ ਗਏ ਪ੍ਰਤੀਨਿਧਾਂ ਨੇ 'ਸੰਵਿਧਾਨ ਦਿਵਸ' ਮਨਾਇਆ। ਭਾਰਤੀ ਸੰਵਿਧਾਨ ਨੂੰ ਬਣਿਆਂ 76 ਸਾਲ ਹੋ ਚੁੱਕੇ ਹਨ। ਸਾਲ 1950 ਵਿਚ ਸੰਸਦ ਦੇ ਇਸੇ ਹੀ ਕੇਂਦਰੀ ਹਾਲ ਵਿਚ ਇਸ ਨੂੰ ਪ੍ਰਵਾਨ ਕਰਕੇ ਦੇਸ਼ 'ਤੇ ਲਾਗੂ ਕੀਤਾ ਗਿਆ ਸੀ। ਆਜ਼ਾਦੀ ਤੋਂ ਬਾਅਦ ਦੇਸ਼ ਦਾ ਸੰਵਿਧਾਨ ਤਿਆਰ ਕਰਨ ਲਈ ਦੇਸ਼ ਭਰ ਦੀਆਂ ਵੱਖ-ਵੱਖ ਵਿਚਾਰਧਾਰਾਵਾਂ ਵਾਲੀਆਂ ਉੱਘੀਆਂ ਹਸਤੀਆਂ ਨੇ ਤਿੰਨ ਸਾਲ ਤੱਕ ਉਸ ਸਮੇਂ ਦੇ ਦੁਨੀਆ ਭਰ ਦੇ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ ਸੀ। ਉਨ੍ਹਾਂ ਨੇ ਲੰਮੀਆਂ ਬੈਠਕਾਂ ਕੀਤੀਆਂ। ਵਾਰ-ਵਾਰ ਇਸ ਦੀਆਂ ਧਾਰਾਵਾਂ ਨੂੰ ਛੋਟਾ-ਵੱਡਾ ਕੀਤਾ ਅਤੇ ਸੋਧਿਆ। ਪਿਛਲੇ ਸਾਢੇ 7 ਦਹਾਕਿਆਂ ਵਿਚ ਦੇਸ਼ ਦੀ ਸੰਸਦ ਨੇ ਵੀ ਇਸ ਵਿਚ ਸਮੇਂ-ਸਮੇਂ ਪੈਦਾ ਹੋਈਆਂ ਲੋੜਾਂ ਅਨੁਸਾਰ ਅਨੇਕਾਂ ਤਰਮੀਮਾਂ ਕੀਤੀਆਂ। ਇਸ ਕਰਕੇ ਵੀ ਇਹ ਲਿਖਤੀ ਸੰਵਿਧਾਨ ਅੱਜ ਤੱਕ ਸਮੇਂ ਦਾ ਅਨੁਸਾਰੀ ਬਣਿਆ ਰਿਹਾ ਹੈ। ਆਉਂਦੇ ਸਮੇਂ ਵਿਚ ਵੀ ਇਸ ਦੀ ਸਾਰਥਿਕਤਾ ਬਣੀ ਰਹਿਣ ਦੀ ਸੰਭਾਵਨਾ ਹੈ। ਇਸ ਵਿਚ ਮੁਢਲੇ ਰੂਪ ਵਿਚ ਮਨੁੱਖੀ ਕਦਰਾਂ-ਕੀਮਤਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਇਨ੍ਹਾਂ ਵਿਚ ਬਰਾਬਰੀ, ਹਰ ਨਾਗਰਿਕ ਦਾ ਸਨਮਾਨ ਅਤੇ ਹਰ ਇਕ ਨੂੰ ਨਿਆਂ ਦੇਣ ਦੀ ਗੱਲ ਕਹੀ ਗਈ ਹੈ।

ਸਾਲ 2015 ਵਿਚ 26 ਨਵੰਬਰ ਨੂੰ ਸੰਵਿਧਾਨ ਦਿਵਸ ਐਲਾਨਿਆ ਗਿਆ ਸੀ ਅਤੇ ਇਸ ਤੋਂ ਬਾਅਦ ਇਹ ਦਿਨ ਮਨਾਉਣਾ ਸ਼ੁਰੂ ਹੋਇਆ। ਇਸ ਸਾਲ 26 ਨਵੰਬਰ ਨੂੰ ਮਨਾਏ ਗਏ ਇਸ ਦਿਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਵਲੋਂ ਇਕ ਭਾਵੁਕ ਪੱਤਰ ਜਾਰੀ ਕੀਤਾ ਅਤੇ ਸੰਵਿਧਾਨ ਨੂੰ 'ਪਵਿੱਤਰ ਖਰੜਾ' ਐਲਾਨਦਿਆਂ ਕਿਹਾ ਕਿ ਇਸ ਵਿਚ ਸਭ ਨਾਗਰਿਕਾਂ ਨੂੰ ਮੌਕੇ ਪ੍ਰਦਾਨ ਕਰਨ ਦੀ ਗੱਲ ਕਹੀ ਗਈ ਹੈ। ਅਜਿਹੀ ਭਾਵਨਾ ਅਧੀਨ ਹੀ ਉਨ੍ਹਾਂ ਵਰਗੇ ਇਕ ਗ਼ਰੀਬ ਪਿਛੋਕੜ ਵਾਲੇ ਪਰਿਵਾਰ ਦੇ ਵਿਅਕਤੀ ਨੂੰ ਪਿਛਲੇ 24 ਸਾਲ ਤੋਂ ਉੱਚ ਅਹੁਦਿਆਂ 'ਤੇ ਬੈਠਣ ਦਾ ਮੌਕਾ ਮਿਲਿਆ ਹੈ ਅਤੇ ਇਹ ਵੀ ਕਿ ਸੰਵਿਧਾਨ ਦੀ ਭਾਵਨਾ ਨੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਇਕ ਹੈ ਅਤੇ ਹਮੇਸ਼ਾ ਇਕ ਹੀ ਰਹੇਗਾ। ਇਹ ਵੀ ਕਿ ਸੰਵਿਧਾਨ ਫ਼ਰਜ਼ਾਂ ਦੀ ਪਾਲਣਾ ਦੀ ਪ੍ਰੇਰਨਾ ਦਿੰਦਾ ਹੈ। ਸਾਡੇ ਵਿਚਾਰ ਅਨੁਸਾਰ ਸਮਾਜਿਕ ਅਤੇ ਆਰਥਿਕ ਤਰੱਕੀ ਦੇ ਆਧਾਰ, ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਆਪਸੀ ਭਾਈਚਾਰਾ ਅਤੇ ਧਰਮ ਨਿਰਪੱਖਤਾ ਦੇ ਨਾਲ-ਨਾਲ ਸਮਾਜਵਾਦੀ ਵਿਚਾਰਧਾਰਾ ਦੀ ਉੱਤਮਤਾ ਨੂੰ ਪ੍ਰਗਟਾਉਣਾ ਵੀ ਰਿਹਾ ਹੈ, ਪਰ ਇਸ ਲੰਮੇ ਸਮੇਂ ਵਿਚ ਅਨੇਕਾਂ ਤਰਮੀਮਾਂ ਦੇ ਬਾਵਜੂਦ ਸਮੇਂ-ਸਮੇਂ ਇਸ ਦੀ ਆਭਾ ਧੁੰਦਲੀ ਵੀ ਪੈਂਦੀ ਰਹੀ ਹੈ। ਅਮਲੀ ਰੂਪ ਵਿਚ ਇਸ ਦੀ ਇਹ ਪਹੁੰਚ ਬਣਾਈ ਰੱਖਣ ਲਈ ਹਾਲੇ ਵੀ ਬਹੁਤ ਕੁਝ ਕਰਨਾ ਬਾਕੀ ਹੈ।

ਮੁਢਲੇ ਰੂਪ ਵਿਚ ਸੰਵਿਧਾਨ ਆਰਥਿਕ ਬਰਾਬਰੀ ਦੀ ਗੱਲ ਕਰਦਾ ਹੈ। ਪਰ ਦੇਸ਼ ਅੱਜ ਇਸ ਭਾਵਨਾ ਤੋਂ ਬਹੁਤ ਦੂਰ ਖੜ੍ਹਾ ਦਿਖਾਈ ਦਿੰਦਾ ਹੈ। ਪਿਛਲੇ ਦਹਾਕਿਆਂ ਵਿਚ ਅਮੀਰਾਂ ਅਤੇ ਗ਼ਰੀਬਾਂ ਦਾ ਆਪਸੀ ਪਾੜਾ ਵਧਦਾ ਨਜ਼ਰ ਆਇਆ ਹੈ। ਅੱਜ ਵੀ ਕਰੋੜਾਂ ਹੀ ਨਾਗਰਿਕ ਮਿੱਥੀ ਗਈ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹਨ। ਸਾਡਾ ਸੰਵਿਧਾਨ ਧਰਮ ਨਿਰਪੱਖਤਾ ਦੀ ਗੱਲ ਕਰਦਾ ਹੈ, ਪਰ ਪਿਛਲੇ ਲੰਮੇ ਸਮੇਂ ਤੋਂ ਲੋਕਾਂ ਵਿਚ ਧਰਮਾਂ ਦੇ ਆਧਾਰ 'ਤੇ ਵੰਡੀਆਂ ਪਾਈਆਂ ਜਾ ਰਹੀਆਂ ਹਨ ਤੇ ਇਹ ਰੁਝਾਨ ਹੋਰ ਵੀ ਵਧਦੇ ਨਜ਼ਰ ਆ ਰਹੇ ਹਨ। ਇਹ ਸਭ ਕੁਝ ਸੰਵਿਧਾਨ ਦੀ ਆਤਮਾ ਨੂੰ ਠੇਸ ਲਾਉਣ ਵਾਲਾ ਹੈ। ਅੱਜ ਸਮਾਜ ਟੁਕੜਿਆਂ ਵਿਚ ਵੰਡਿਆ ਨਜ਼ਰ ਆਉਂਦਾ ਹੈ। ਫਿਰਕੂਪੁਣੇ ਦੀ ਹਵਾ ਹੋਰ ਵੀ ਤੇਜ਼ ਹੋਈ ਦਿਖਾਈ ਦਿੰਦੀ ਹੈ। ਵੋਟਾਂ ਲਈ ਧਰਮਾਂ ਤੋਂ ਇਲਾਵਾ ਜਾਤੀਆਂ, ਬਰਾਦਰੀਆਂ ਦਾ ਬੋਲਬਾਲਾ ਹੋਇਆ ਵੀ ਨਜ਼ਰ ਆਉਂਦਾ ਹੈ। ਅੱਜ ਸਾਡੀਆਂ ਸਿਆਸੀ ਪਾਰਟੀਆਂ ਅਤੇ ਵੱਡੇ-ਛੋਟੇ ਸਿਆਸਤਦਾਨਾਂ ਦਾ ਇਹ ਨੈਤਿਕ ਫ਼ਰਜ਼ ਬਣ ਜਾਂਦਾ ਹੈ ਕਿ ਉਹ ਧਰਮਾਂ, ਜਾਤਾਂ ਅਤੇ ਬਰਾਦਰੀਆਂ ਦੇ ਆਧਾਰ 'ਤੇ ਵੋਟਾਂ ਖ਼ਾਤਰ ਸਮਾਜ ਨੂੰ ਵੰਡਣ ਤੋਂ ਗੁਰੇਜ਼ ਕਰਨ। ਵਧਦੀ ਹੋਈ ਆਰਥਿਕ ਨਾ-ਬਰਾਬਰੀ ਵੀ ਸਮਾਨਤਾ ਅਤੇ ਲੋਕ ਇਨਸਾਫ਼ ਦੇ ਰਾਹ ਵਿਚ ਵੱਡੀ ਅੜਚਨ ਬਣੀ ਨਜ਼ਰ ਆ ਰਹੀ ਹੈ।

ਅਸੀਂ ਭਾਰਤੀ ਸੰਵਿਧਾਨ 'ਤੇ ਮਾਣ ਕਰਦੇ ਹਾਂ। ਅੱਜ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਅਖਵਾ ਰਿਹਾ ਹੈ, ਪਰ ਜਦੋਂ ਤੱਕ ਸੰਵਿਧਾਨ ਵਿਚ ਪੇਸ਼ ਕੀਤੀਆਂ ਗਈਆਂ ਕਦਰਾਂ-ਕੀਮਤਾਂ ਦੇ ਅਨੁਸਾਰੀ ਨਹੀਂ ਹੋਇਆ ਜਾਂਦਾ, ਉਸ ਸਮੇਂ ਤੱਕ ਦੇਸ਼ ਸਹੀ ਅਰਥਾਂ ਵਿਚ ਹਰ ਪੱਖੋਂ ਵਿਕਾਸ ਦੇ ਰਾਹ 'ਤੇ ਨਹੀਂ ਤੁਰ ਸਕੇਗਾ। ਇਸ ਨਿਸ਼ਾਨੇ 'ਤੇ ਪੁੱਜਣ ਲਈ ਹਾਲੇ ਲੰਮਾ ਸਫ਼ਰ ਤੈਅ ਕਰਨ ਦੀ ਜ਼ਰੂਰਤ ਹੋਵੇਗੀ।

-ਬਰਜਿੰਦਰ ਸਿੰਘ ਹਮਦਰਦ

ਪੰਜਾਬ ਤੇ ਹਰਿਆਣਾ ਆਪਣੇ ਮਸਲੇ ਖ਼ੁਦ ਹੱਲ ਕਰਨ ਲਈ ਪਹਿਲ ਕਰਨ

ਮਿਲੋ ਜਬ ਉਨ ਸੇ ਤੋ ਮੁਬਹਮ ਸੀ ਗੁਫ਼ਤਗੂ ਕਰਨਾ,
ਫਿਰ ਅਪਨੇ ਆਪ ਸੇ ਸੌ ਸੌ ਵਜ਼ਾਹਤੇਂ ਕਰਨੀ।

ਮਹਾਨ ਸ਼ਾਇਰ 'ਅਹਿਮਦ ਫਰਾਜ਼' ਦੇ ਇਸ ਸ਼ਿਅਰ ਦੇ ਲਫ਼ਜ਼ਾਂ ਮੁਬਹਮ ਦੇ ਅਰਥ ਗੋਲ-ਮੋਲ ਜਾਂ ਅਸਪੱਸ਼ਟ, ਗੁਫ਼ਤਗੂ-ਗੱਲਬਾਤ ਤੇ ਵਜ਼ਾਹਤ-ਸਪੱਸ਼ਟ ਹੈ। ਪੂਰੇ ਸ਼ਿਅਰ ਦਾ ਭਾਵ ਹੈ ਕਿ ਜਦੋਂ ਗੱਲਬਾਤ ਕਰਨਾ ਤਾਂ ਆਪਣੀ ਦਿਲ ਦੀ ਪੂਰੀ ਗੱਲ ਇਕਦਮ ਸਾਹਮਣੇ ਵਾਲੇ ਦੇ ਅੱਗੇ ਨਾ ਖੋਲ੍ਹ ਦੇਣਾ ਤੇ ਬਾਅਦ ਵਿਚ ਪੂਰਾ ਫੈਸਲਾ ਲੈਣ ਤੋਂ ਪਹਿਲਾਂ ਆਪਣੇ-ਆਪ ਨਾਲ ਸੌ-ਸੌ ਵਾਰ ਸੋਚ ਕੇ ਸਪੱਸ਼ਟ ਹੋ ਕੇ ਹੀ ਕਿਸੇ ਸਮਝੌਤੇ 'ਤੇ ਪਹੁੰਚਣਾ। ਇਸ ਸ਼ਿਅਰ ਦਾ ਜ਼ਿਕਰ ਇਥੇ ਇਸ ਲਈ ਕਰ ਰਿਹਾ ਹਾਂ ਕਿਉਂਕਿ ਭਾਰਤ ਦੇ ਕੇਂਦਰੀ ਜਲ-ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਅਧਿਕਾਰਤ ਤੌਰ 'ਤੇ ਕਿਹਾ ਹੈ ਕਿ ਉਹ ਸਤਲੁਜ-ਯਮਨਾ ਲਿੰਕ ਨਹਿਰ ਦੇ ਮਾਮਲੇ 'ਤੇ ਆਪਸ ਵਿਚ ਮੀਟਿੰਗ ਕਰਨ ਤੇ ਇਸ ਮਸਲੇ ਨੂੰ ਆਪਸੀ ਸਹਿਯੋਗ ਨਾਲ ਹੱਲ ਕਰਨ ਦੇ ਯਤਨ ਕਰਨ। ਹਾਲਾਂਕਿ ਪੰਜਾਬ ਦਾ ਐਸ.ਵਾਈ.ਐਲ. ਨਹਿਰ 'ਤੇ ਸਟੈਂਡ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਸਾਡੇ ਕੋਲ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਹੈ। ਸੋ, ਐਸ.ਵਾਈ.ਐਲ. ਨਹਿਰ ਦੀ ਉਸਾਰੀ ਨਹੀਂ ਹੋਵੇਗੀ। ਹਾਲਾਂਕਿ ਮੁੱਖ ਮੰਤਰੀ ਭਗਵੰਤ ਮਾਨ ਉਲਟਾ ਵਾਈ.ਐਸ.ਐਲ. ਨਹਿਰ ਬਣਾਉਣ ਦਾ ਫਾਰਮੂਲਾ ਦੇ ਚੁੱਕੇ ਹਨ ਕਿ ਪੰਜਾਬ ਨੂੰ ਹੋਰ ਪਾਣੀ ਦਿੱਤਾ ਜਾਵੇ, ਪਰ ਇਹ ਵਿਵਹਾਰਕ ਨਹੀਂ ਜਾਪਦਾ। ਪੰਜਾਬੀ ਦਾ ਇਕ ਮਸ਼ਹੂਰ ਅਖਾਣ ਹੈ:

'ਸਾਰੀ ਜਾਂਦੀ ਵੇਖੀਏ, ਅੱਧੀ ਦਿਓ ਲੁਟਾ।'

ਭਾਵ ਜੇਕਰ ਕਿਸੇ ਹਾਲਤ ਵਿਚ ਕੋਈ ਸਾਰੀ ਚੀਜ਼ ਹੱਥੋਂ ਜਾ ਰਹੀ ਹੋਵੇ ਅਤੇ ਉਹ ਅੱਧੀ ਦੇ ਕੇ ਅੱਧੀ ਬਚਾਈ ਜਾ ਸਕਦੀ ਹੋਵੇ ਤਾਂ ਬਚਾਅ ਲਈ ਜਾਣੀ ਚਾਹੀਦੀ ਹੈ। ਇਸ ਲਈ ਕੇਂਦਰੀ ਮੰਤਰੀ ਦੇ ਮਸ਼ਵਰੇ 'ਤੇ ਪੰਜਾਬ ਤੇ ਹਰਿਆਣਾ ਦੋਵਾਂ ਨੂੰ ਮਿਲ ਕੇ ਗੱਲਬਾਤ ਦੀ ਮੇਜ਼ 'ਤੇ ਬੈਠ ਕੇ ਸਾਂਝੇ ਰੂਪ ਵਿਚ ਦੋਵਾਂ ਪ੍ਰਦੇਸ਼ਾਂ ਦੇ ਹਿਤਾਂ ਨੂੰ ਸਾਹਮਣੇ ਰੱਖ ਕੇ ਸਿਰਫ਼ ਸਤਲੁਜ ਯਮਨਾ ਲਿੰਕ ਨਹਿਰ ਬਾਰੇ ਹੀ ਨਹੀਂ ਸਗੋਂ ਪੰਜਾਬ ਤੇ ਹਰਿਆਣਾ ਵਿਚਲੇ ਸਾਰੇ ਮਸਲਿਆਂ 'ਤੇ ਇਕ ਵਾਰ ਖੁੱਲ੍ਹੇ ਮਨ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਬੇਸ਼ੱਕ ਚੰਡੀਗੜ੍ਹ ਸਿਰਫ਼ ਪੰਜਾਬ ਦਾ ਹੈ ਤੇ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਮੁਤਾਬਿਕ ਪੰਜਾਬ ਦੇ ਤਿੰਨ ਦਰਿਆਵਾਂ ਦਾ ਪਾਣੀ ਵੀ ਇਕੱਲੇ ਪੰਜਾਬ ਦਾ ਹੀ ਹੈ। ਪਰ ਅਜੋਕੀ ਜ਼ਮੀਨੀ ਹਕੀਕਤ ਸਾਨੂੰ ਪਤਾ ਹੈ ਕਿ ਸਾਡਾ ਪੂਰਾ ਹੱਕ ਸਾਨੂੰ ਮਿਲਣਾ ਲਗਭਗ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਫਿਰ ਕੇਂਦਰ ਦੀ ਨੀਅਤ ਸਾਹਮਣੇ ਹੈ ਕਿ ਉਸ ਨੇ ਅਜੇ ਵੀ ਚੰਡੀਗੜ੍ਹ ਪੰਜਾਬ ਤੇ ਹਰਿਆਣਾ ਦੋਵਾਂ ਕੋਲੋਂ ਖੋਹ ਕੇ ਪੱਕਾ ਕੇਂਦਰੀ ਪ੍ਰਦੇਸ਼ ਬਣਾਉਣ ਦੀ ਤਜਵੀਜ਼ ਤਿਆਗੀ ਨਹੀਂ ਸਿਰਫ਼ ਅੱਗੇ ਹੀ ਪਾਈ ਹੈ।

ਪੰਜਾਬ ਤੇ ਹਰਿਆਣਾ ਨੂੰ ਚੰਡੀਗੜ੍ਹ ਵਿਚ 60 : 40 ਦੇ ਅਨੁਪਾਤ ਨਾਲ ਮੁਲਾਜ਼ਮਾਂ ਦੀ ਨਿਯੁਕਤੀ ਦੇ ਅਧਿਕਾਰ ਦਿੱਤੇ ਗਏ ਸਨ, ਇਸ ਦੇ ਨਾਲ ਹੀ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਬਦਲੇ ਪੰਜਾਬ ਵਿਚੋਂ ਕੁਝ ਹਿੰਦੀ ਭਾਸ਼ੀ ਖੇਤਰ ਹਰਿਆਣਾ ਨੂੰ ਦੇਣ ਦੀ ਗੱਲ ਵੀ ਕਹੀ ਗਈ ਸੀ। ਇਹ ਵੀ ਸਪੱਸ਼ਟ ਹੈ ਕਿ ਹਰਿਆਣਾ ਭਾਵੇਂ ਹੁਣ ਪੰਜਾਬ ਦੇ ਦਰਿਆਵਾਂ ਦਾ ਰਿਪੇਰੀਅਨ ਰਾਜ ਨਹੀਂ, ਪਰ ਕੇਂਦਰੀ ਧੱਕਾ ਇਸ ਆਧਾਰ 'ਤੇ ਹੁੰਦਾ ਹੈ ਕਿ ਪਹਿਲਾਂ ਹਰਿਆਣਾ ਪੰਜਾਬ ਦਾ ਹੀ ਹਿੱਸਾ ਸੀ। ਸੋ, ਜੇਕਰ ਹਰਿਆਣੇ ਨੂੰ ਪਹਿਲਾਂ ਪੰਜਾਬ ਦਾ ਹਿੱਸਾ ਹੋਣ ਕਾਰਨ ਪੰਜਾਬ ਦੇ ਪਾਣੀਆਂ ਦਾ ਹੱਕਦਾਰ ਮੰਨਿਆ ਜਾਂਦਾ ਹੈ ਤਾਂ ਪੰਜਾਬ ਵੀ ਉਸ ਸਮੇਂ ਯਮੁਨਾ ਦੇ ਪਾਣੀ ਦਾ ਹੱਕਦਾਰ ਸੀ ਤੇ ਹੈ। ਸੋ, ਜੇਕਰ ਪੰਜਾਬ ਤੇ ਹਰਿਆਣਾ ਆਪਸ ਵਿਚ ਸਾਰੇ ਮਾਮਲਿਆਂ 'ਤੇ ਸਮਝੌਤੇ ਕਰ ਲੈਣ ਤਾਂ ਦੋਵਾਂ ਰਾਜਾਂ ਦੀ ਕਾਇਆ-ਕਲਪ ਹੋ ਸਕਦੀ ਹੈ। ਦੋਵੇਂ ਰਾਜ ਆਪਣੀ ਜ਼ਰੂਰਤ ਦਾ ਪਾਣੀ ਰੱਖ ਕੇ ਜੇਕਰ ਵਾਧੂ ਪਾਣੀ ਹੋਵੇ ਤਾਂ ਉਸ 'ਤੇ ਰਾਇਲਟੀ ਲੈ ਸਕਦੇ ਹਨ। ਫਿਰ ਕੇਂਦਰ ਕੋਲ ਪੰਜਾਬ ਤੇ ਹਰਿਆਣਾ ਦੇ ਮਾਮਲੇ ਵਿਚ ਦਖਲ ਦੇਣ ਦਾ ਸਦਾਚਾਰਕ ਹੱਕ ਵੀ ਨਹੀਂ ਰਹੇਗਾ ਤੇ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78-79-80 ਅਮਲੀ ਤੌਰ 'ਤੇ ਬੇਅਸਰ ਹ�ो ਜਾਣਗੀਆਂ। ਸਾਡੇ ਕੋਲ ਉਦਾਹਰਨਾਂ ਹਨ ਕਿ ਪੰਜਾਬ ਤੋਂ ਮੁਫ਼ਤ ਤੇ ਧੱਕੇ ਨਾਲ ਲਿਆ ਪਾਣੀ ਰਾਜਸਥਾਨ ਸਰਕਾਰ ਸਨਅਤਾਂ

ਨੂੰ 2 ਰੁਪਏ ਪ੍ਰਤੀ ਲੀਟਰ ਤੱਕ ਵੇਚ ਰਹੀ ਹੈ। ਰਾਜਸਥਾਨ ਸਰਕਾਰ ਨੇ ਬਾੜਮੇਰ ਰਿਫਾਇਨਰੀ ਵਿਚ ਐਚ.ਪੀ.ਸੀ.ਐਲ. ਨਾਲ 74 : 26 ਦੀ ਹਿੱਸੇਦਾਰੀ ਪਾਈ ਹੈ ਤੇ ਉਸ ਲਈ 37 ਲੱਖ 44 ਹਜ਼ਾਰ ਕਿਊਬਿਕ ਮੀਟਰ ਪਾਣੀ ਦੀ ਭੰਡਾਰਨ ਸਮਰੱਥਾ ਬਣਾਈ ਜਾ ਰਹੀ ਹੈ। ਦੂਸਰੀ ਉਦਾਹਰਨ ਹਿਮਾਚਲ ਦੀ ਹੈ, ਉਸ ਨੂੰ ਜੋ ਪਾਣੀ ਉਸ ਦੇ

ਸਰਗੋਸ਼ੀਆਂ

ਹਰਜਿੰਦਰ ਸਿੰਘ ਲਾਲ

ਅਪਰ-ਰਾਇਪੇਰੀਅਨ ਰਾਜ ਤੇ ਪੰਜਾਬ ਦਾ ਹਿੱਸਾ ਰਹੇ ਹੋਣ ਕਾਰਨ ਮਿਲਦਾ ਹੈ, ਉਹ ਵੀ ਦਿੱਲੀ ਨੂੰ ਵੇਚਿਆ ਜਾ ਰਿਹਾ ਹੈ। ਰਹੀ ਗੱਲ ਆਪੋ-ਆਪਣੀ ਰਾਜਧਾਨੀ ਤੇ ਆਪੋ-ਆਪਣੀ ਰਾਜ ਵਿਧਾਨ ਸਭਾ ਬਣਾਉਣ ਦੀ, ਇਸ ਸੰਬੰਧੀ ਰਾਜਾਂ ਦੇ ਪੁਨਰਗਠਨ ਬਾਰੇ ਦੇਸ਼ ਵਿਚ ਇਹੀ ਪ੍ਰਥਾ ਰਹੀ ਹੈ ਕਿ ਪੁਰਾਣੇ ਰਾਜ ਕੋਲ ਪੁਰਾਣੀ ਰਾਜਧਾਨੀ ਰਹੀ ਹੈ ਤੇ ਨਵੇਂ ਰਾਜ ਨੇ ਆਪਣੀ ਨਵੀਂ ਰਾਜਧਾਨੀ ਬਣਾਈ ਹੈ। ਹਰਿਆਣਾ ਨੂੰ ਵੀ ਵੱਡਾ ਦਿਲ ਕਰਕੇ ਇਸੇ ਪਰੰਪਰਾ ਦਾ ਹੀ ਪਾਲਣ ਕਰਨਾ ਚਾਹੀਦਾ ਹੈ। ਉਹ ਕੇਂਦਰ ਤੋਂ ਨਵੀਂ ਰਾਜਧਾਨੀ ਲਈ ਸਹਾਇਤਾ ਲੈ ਸਕਦਾ ਹੈ।

ਦੋਹਰੀ ਰਣਨੀਤੀ 'ਤੇ ਨਾ ਚੱਲੇ ਕੇਂਦਰ

ਵੋ ਮਾਯੂਸੀ-ਏ-ਹਾਲਾਤ-ਏ ਸ਼ਰਮਿੰਦਗੀ ਕਿ ਉਫ਼,
ਜੋ ਅਪਨੋਂ ਸੇ ਪੇਸ਼ ਆਤੇ ਹੈਂ ਬੇਗਾਨਗੀ ਸੇ ਵੋਹ।
(ਲਾਲ ਫਿਰੋਜ਼ਪੁਰੀ)

ਕੇਂਦਰੀ ਸਰਕਾਰਾਂ ਕਦੇ-ਕਦੇ ਅਜਿਹੇ ਕਦਮ ਉਠਾਉਂਦੀਆਂ ਹਨ, ਜੋ ਪੰਜਾਬੀਆਂ ਵਿਚ ਬੇਗਾਨਗੀ ਪੈਦਾ ਕਰਨ ਵਾਲੇ ਹੁੰਦੇ ਹਨ। ਕੇਂਦਰ ਵਿਚ ਚਾਹੇ ਕਾਂਗਰਸੀ ਸਰਕਾਰਾਂ ਰਹੀਆਂ, ਚਾਹੇ ਸਾਂਝੀਆਂ ਤੇ ਚਾਹੇ ਹੁਣ ਦੀ ਭਾਜਪਾ ਸਰਕਾਰ, ਪੰਜਾਬ ਨਾਲ ਧੱਕਿਆਂ ਦੀ ਦਾਸਤਾਨ ਬਾਦਸਤੂਰ ਜਾਰੀ ਹੈ। ਪਹਿਲੀਆਂ ਸਰਕਾਰਾਂ ਨੇ ਧੱਕੇ ਕੀਤੇ ਪਰ ਦੋ ਪੰਜਾਬੀ ਪ੍ਰਧਾਨ ਮੰਤਰੀਆਂ ਇੰਦਰ ਕੁਮਾਰ ਗੁਜਰਾਲ ਤੇ ਡਾ. ਮਨਮੋਹਨ ਸਿੰਘ ਵੀ ਇਹ ਧੱਕੇ ਦੂਰ ਨਹੀਂ ਕਰਵਾ ਸਕੇ ਜਾਂ ਸ਼ਾਇਦ ਉਨ੍ਹਾਂ ਨੇ ਕੋਸ਼ਿਸ਼ ਹੀ ਨਹੀਂ ਕੀਤੀ। ਪਰ ਹੁਣ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ-ਆਪ ਨੂੰ ਪੰਜਾਬ ਅਤੇ ਸਿੱਖਾਂ ਦੇ ਹਮਦਰਦ ਦੱਸਦੇ ਨਹੀਂ ਥੱਕਦੇ, ਪਰ ਦੂਜੇ ਪਾਸੇ ਪਹਿਲਾਂ ਹੋਏ ਧੱਕਿਆਂ ਨੂੰ ਦੂਰ ਕਰਨ ਦੀ ਗੱਲ ਤਾਂ ਦੂਰ, ਸਗੋਂ ਉਨ੍ਹਾਂ ਦੀ ਸਰਕਾਰ ਵੇਲੇ ਕਈ ਨਵੇਂ ਧੱਕੇ ਵੀ ਹੁੰਦੇ ਦਿਖਾਈ ਦਿੰਦੇ ਹਨ। ਹਾਲਾਂਕਿ ਪ੍ਰਧਾਨ ਮੰਤਰੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ 350ਵੀਂ ਸ਼ਹੀਦੀ ਸ਼ਤਾਬਦੀ ਮੌਕੇ ਬੜੀ ਸ਼ਾਨ ਨਾਲ ਕਿਹਾ ਹੈ ਕਿ ਉਨ੍ਹਾਂ ਨੇ ਸਿੱਖਾਂ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿਚ ਵੀਰ ਬਾਲ ਦਿਵਸ ਮਨਾਉਣ ਦੀ ਸ਼ੁਰੂਆਤ ਕਰਨ ਤੋਂ ਲੈ ਕੇ ਕਰਤਾਰਪੁਰ ਦੇ ਗਲਿਆਰੇ ਤੱਕ ਕਈ ਕਦਮ ਉਠਾਏ ਹਨ। ਪਰ ਜਦੋਂ ਪੰਜਾਬ ਨਾਲ ਕੋਈ ਨਵਾਂ ਧੱਕਾ ਹੁੰਦਾ ਹੈ ਜਾਂ ਸਿੱਖ ਬੰਦੀਆਂ ਨਾਲ ਵਿਤਕਰੇ ਵਾਲਾ ਰਵੱਈਆ ਅਪਣਾਇਆ ਜਾਂਦਾ ਹੈ ਤਾਂ ਇਹ ਸਿੱਖਾਂ ਨੂੰ ਆਪਣੇ ਨਾਲ ਹੀ ਧੱਕਾ ਜਾਪਦਾ ਹੈ, ਕਿਉਂਕਿ ਪੰਜਾਬ ਵਿਚ ਬਹੁਗਿਣਤੀ ਸਿੱਖਾਂ ਦੀ ਹੈ ਤੇ ਸਿੱਖਾਂ ਨੂੰ ਜਾਪਦਾ ਹੈ ਕਿ ਪੰਜਾਬ ਨਾਲ ਧੱਕਾ ਸਿੱਖਾਂ ਕਰਕੇ ਹੀ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤ